بِسۡمِ اللّٰہِ الرَّحۡمٰنِ الرَّحِیۡمِ　　نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ　　وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 31.05.2019

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਰੱਬ ਨੇ ਸਪਸ਼ਟ ਫ਼ਰਮਾਇਆ ਹੈ ਕਿ ਜੁਮਏ ਦੀ ਨਮਾਜ਼ ਲਈ ਬੁਲਾਇਆ ਜਾਏ ਤਾਂ ਕਿਸੇ ਵੀ ਪ੍ਰਕਾਰ ਦੀ ਸੁਸਤੀ ਨ ਦਿਖਾਓ ਸਗੋਂ ਝੱਟ ਧਿਆਨ ਦਿੰਦਿਆਂ ਹੋਇਆਂ ਜੁਮਏ ਦੀ ਨਮਾਜ਼ ਲਈ ਹਾਜ਼ਰ ਹੋ ਜਾਓ ਭਾਵੇਂ ਜਿੰਨ੍ਹੇ ਵੀ ਮਸਰੂਫ਼ ਹੋਵੋ**

**ਜੁਮਏ ਦੀ ਨਮਾਜ਼ ਪੜ੍ਹਨਾ ਅਤੇ ਇਮਾਮ ਦਾ ਖ਼ੁਤਬਾ ਸੁਣਨਾ ਤੁਹਾਡੇ ਲਈ ਤੁਹਾਡੇ ਵਪਾਰਾਂ, ਕਾਰੋਬਾਰਾਂ ਅਤੇ  ਸੰਸਾਰਕ ਕੰਮਾ ਤੋਂ ਹਜ਼ਾਰਾਂ ਲਖੱਾਂ ਗੁਣਾ ਬਿਹਤਰ ਹੈ**

**ਸਾਡੀ ਜ਼ਿਮੇਦਾਰੀ ਹੈ ਕਿ ਅਸੀਂ ਆਪਣੀਆਂ ਇਬਾਦਤਾਂ ਦੇ ਮਿਆਰਾਂ ਨੂੰ ਚੁੱਕੀਏ, ਜਿੰਨ੍ਹਾ ਮਿਆਰਾਂ ਤੱਕ ਅਸੀਂ ਇਸ ਰਮਜ਼ਾਨ ਵਿੱਚ ਪਹੁੰਚੇ ਹਾਂ ਜਾਂ ਪਹੁੰਚਣ ਦਾ ਜਤਨ ਕੀਤਾ ਹੈ ਉਸ ਤੋਂ ਹੇਠਾਂ ਆਪਣੇ ਆਪ ਨੂੰ ਨ ਡਿਗੱਣ ਦੇਈਏ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 31 ਮਈ 2019 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਮੌਰਡਨ (ਬਰਤਾਨੀਆ) ਵਿੱਚ ਦਿੱਤਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਸੂਰਤ ਜੁਮਆ ਦੀਆਂ ਅਖ਼ੀਰਲੀਆਂ ਅਇਤਾਂ ਦੀ ਤਲਾਵਤ ਕੀਤੀ ਅਤੇ ਇਹਨਾ ਦਾ ਅਨੁਵਾਦ ਪੇਸ਼ ਕੀਤਾ :

یٰۤاَیُّهَا الَّذِیۡنَ اٰمَنُوۡۤا اِذَا نُوۡدِیَ لِلصَّلٰوۃِ مِنۡ یَّوۡمِ الۡجُمُعَۃِ فَاسۡعَوۡا اِلٰی ذِکۡرِ اللّٰہِ وَذَرُوا الۡبَیۡعَ ؕ ذٰلِکُمۡ خَیۡرٌ لَّکُمۡ اِنۡ کُنۡتُمۡ تَعۡلَمُوۡنَ ○ فَاِذَا قُضِیَتِ الصَّلٰوۃُ فَانۡتَشِرُوۡا فِی الۡاَرۡضِ وَابۡتَغُوۡا مِنۡ فَضۡلِ اللّٰہِ وَاذۡکُرُوا اللّٰہَ کَثِیۡرًا لَّعَلَّکُمۡ تُفۡلِحُوۡنَ ○ وَاِذَا رَاَوۡا تِجَارَۃً اَوۡ لَهۡوَا انۡفَضُّوۡۤا اِلَیۡهَا وَتَرَکُوۡکَ قَآئِمًا ؕ قُلۡ مَا عِنۡدَ اللّٰہِ خَیۡرٌ مِّنَ اللَّهۡوِ وَمِنَ التِّجَارَۃِ ؕ وَاللّٰہُ خَیۡرُ الرّٰزِقِیۡنَ ○

ਹਜ਼ੂਰ ਅਨਵਰ ਨੇ ਫ਼ਰਮਾਇਆ :  ਇਹ ਆਇਤਾਂ ਜੋ ਮੈਂ ਤਲਾਵਤ ਕੀਤੀਆਂ ਹਨ ਇਹਨਾ ਦਾ ਅਰਥ ਇਹ ਹੈ ਕਿ : ਹੇ ਮੋਮਿਨੋ ਜੱਦ ਤੁਹਾਨੂੰ ਜੁਮਏ ਦੇ ਦਿਨ ਨਮਾਜ਼ ਲਈ ਬੁਲਾਇਆ ਜਾਏ ਤਾਂ ਅਲੱਾਹ ਦੇ ਜ਼ਿਕਰ ਲਈ ਛੇਤੀ ਛੇਤੀ ਜਾਇਆ ਕਰੋ ਅਤੇ ਖ਼ਰੀਦ ਫ਼ਰੋਖ਼ਤ (ਲੈਣ ਦੇਣ ਦੇ ਕੰਮ) ਛੱਡ ਦਿਆ ਕਰੋ, ਜੇਕਰ ਤੁਸੀਂ ਕੁਝ ਜਾਣਕਾਰੀ ਰਖੱਦੇ ਹੋ ਤਾਂ ਇਹ ਤੁਹਾਡੇ ਲਈ ਚੰਗੀ ਗੱਲ ਹੈ । ਜੱਦ ਨਮਾਜ਼ ਖ਼ਤਮ ਹੋ ਜਾਏ ਤਾਂ ਤੁਸੀਂ ਧਰਤੀ ਵਿੱਚ ਫੈਲ ਜਾਇਆ

ਕਰੋ ਅਤੇ ਰੱਬ ਦੀਆਂ ਮਿਹਰਾਂ ਦੀ ਭਾਲ ਕਰਿਆ ਕਰੋ ਅਤੇ ਰੱਬ ਨੂੰ ਬਹੁਤ ਯਾਦ ਕਰਿਆ ਕਰੋ ਤਾਂ ਜੋ ਤੁਸੀਂ ਸਫ਼ਲ ਹੋ ਜਾਓ । ਜੱਦ ਇਹ ਲੋਕ ਵਪਾਰ ਜਾਂ ਖੇਡ ਦੀਆਂ ਗਲੱਾਂ ਦੇਖਦੇ ਹਨ ਤਾਂ ਤੈਥੋਂ ਅੱਡ ਹੋਕੇ ਉਸ ਪਾਸੇ ਚਲੇ ਜਾਂਦੇ ਹਨ ਅਤੇ ਤੈਨੂੰ ਇਕਲੱਾ ਛੱਡ ਜਾਂਦੇ ਹਨ । ਤੂੰ ਇਹਨਾ ਨੂੰ ਕਹਿ ਦੇ ਜੋ ਕੁਝ ਰੱਬ ਕੋਲ ਹੈ ਉਹ ਖੇਡ ਦੀਆਂ ਗਲੱਾਂ ਸਗੋਂ ਵਪਾਰ ਤੋਂ ਵੀ ਚੰਗਾ ਹੈ ਅਤੇ ਰੱਬ ਬਿਹਤਰ ਰਿਜ਼ਕ ਦੇਣ ਵਾਲਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅੱਜ ਇਸ ਰਮਜ਼ਾਨ ਦਾ ਅਖੀਰਲਾ ਜੁਮਆ ਹੈ ਅਤੇ ਜਿਵੇਂ ਕਿ ਸਾਧਾਰਣ ਲੋਕਾਂ ਦਾ ਰੁਝਾਨ ਹੁੰਦਾ ਹੈ ਕਿ ਬਹੁਤੇ ਲੋਕ ਜੁਮਏ ਦੀ ਨਮਾਜ਼ ਵਿੱਚ ਹਾਜ਼ਰ ਹੁੰਦੇ ਹਨ ਅਤੇ ਵਿਸ਼ੇਸ਼ ਤਵਜੁੱਹ ਨਾਲ ਹਾਜ਼ਰ ਹੋਣ ਦਾ ਜਤਨ ਕਰਦੇ ਹਨ । ਸੂਰਤ ਜੁਮਆ ਦੇ ਆਖ਼ੀਰਲੇ ਰੁਕੂਅ ਦੀਆਂ ਇਹ ਆਇਤਾਂ ਹਨ ਜੋ ਮੈਂ ਤਲਾਵਤ ਕੀਤੀਆਂ ਹਨ, ਇਹਨਾਂ ਵਿੱਚ ਰੱਬ ਨੇ ਜੁਮਇਆਂ ਦੀ ਮਹਤੱਾ ਬਾਰੇ ਖੋਲਕੇ ਬਿਆਨ ਕਰ ਦਿਤੱਾ ਹੈ । ਸੋ, ਜੁਮਏ ਵਿੱਚ ਹਾਜ਼ਰੀ ਰੱਬ ਦੇ ਨੇੜੇ ਬਹੁਤ ਜ਼ਰੂਰੀ ਹੈ । ਅਲੱਾਹ ਤਆਲਾ ਨੇ ਸਪਸ਼ਟ ਫ਼ਰਮਾਇਆ ਕਿ ਜੁਮਏ ਦੀ ਨਮਾਜ਼ ਵੱਲ ਬੁਲਾਇਆ ਜਾਏ ਤਾਂ ਕਿਸੇ ਪ੍ਰਕਾਰ ਦੀ ਸੁਸਤੀ ਨ ਦਿਖਾਓ, ਸਗੋਂ ਝੱਟ ਧਿਆਨ ਦਿੰਦਿਆਂ ਹੋਇਆਂ ਜੁਮਏ ਦੀ ਨਮਾਜ਼ ਲਈ ਹਾਜ਼ਰ ਹੋ ਜਾਓ । ਭਾਵੇਂ ਜਿੰਨ੍ਹੀ ਵੀ ਮਸਰੂਫ਼ੀਯਤ ਹੋਵੇ । ਭਾਵੇ ਵਪਾਰ ਦਾ ਅਤਿ ਸਮਾਂ ਹੋਵੇ ਅਤੇ ਲਖੱਾਂ ਕਰੋੜਾਂ ਦਾ ਹਾਣ ਹੁੰਦਾ ਹੋਵੇ ਫਿਰ ਵੀ ਪਰਵਾਹ ਨ ਕਰੋ ਅਤੇ ਦੁਨੀਆ ਦੇ ਲਖੱਾਂ ਕਰੋੜਾਂ ਦੇ ਸੰਭਾਵੀ ਹਾਣ ਦੀ ਪਰਵਾਹ ਨ ਕਰਦਿਆਂ ਹੋਇਆਂ ਜੁਮਏ ਲਈ ਹਾਜ਼ਰ ਹੋ ਜਾਓ, ਕਿਉਂਕਿ ਇਹ ਜੁਮਏ ਦੀ ਨਮਾਜ਼ ਦੀ ਹਾਜ਼ਰੀ ਅਤੇ ਜਾਮਾ ਮਸਜਿਦ ਵਿੱਚ ਜਾਕੇ ਜੁਮਏ ਦੀ ਨਮਾਜ਼ ਪੜ੍ਹਨੀ ਅਤੇ ਇਮਾਮ ਦਾ ਖ਼ੁਤਬਾ ਸੁਣਨਾ ਤੁਹਾਡੇ ਲਈ ਤੁਹਾਡੇ ਵਪਾਰਾਂ, ਕਾਰੋਬਾਰਾਂ ਤੇ ਸੰਸਾਰਕ ਕੰਮਾ ਤੋਂ ਹਜ਼ਾਰਾਂ ਲਖੱਾਂ ਗੁਣਾ ਬਹੁਤਾ ਬਿਹਤਰ ਹੈ । ਪਰ ਇਸਦਾ ਅਹਿਸਾਸ (ਅਨੁਭਵ) ਉਸਨੂੰ ਹੀ ਹੋ ਸਕਦਾ ਹੈ ਜੋ ਇਸ ਦਾ ਸਹੀ ਬੋਧ ਰਖੱਦਾ ਹੈ । ਰੱਬ ਫ਼ਰਮਾਉਂਦਾ ਹੈ ਸਹੀ ਬੋਧ ਰਖੱਣ ਵਾਲਾ ਵਿਅਕਤੀ ਨਿਸ਼ਚੇ ਹੀ ਇਹਨਾ ਵਪਾਰਾਂ ਤੇ ਕਾਰੋਬਾਰਾਂ ਨੂੰ ਦੂਜਾ ਸਥਾਨ ਦੇਵੇਗਾ । ਨਾਲ ਹੀ ਰੱਬ ਨੇ ਇਹ ਫ਼ਰਮਾ ਦਿਤੱਾ ਕਿ ਜੁਮਏ ਦੀ ਨਮਾਜ਼ ਦੇ ਬਾਦ ਫਿਰ ਤੁਹਾਨੂੰ ਅਜ਼ਾਦੀ ਹੈ । ਜਾਓ ਅਤੇ ਆਪਣੇ ਸੰਸਾਰਕ ਕੰਮਾ ਤੇ ਕਾਰੋਬਾਰਾਂ ਵਿੱਚ ਰੁੱਝ ਜਾਓ । ਰੱਬ ਤੁਹਾਡੇ ਸੰਸਾਰਕ ਕੰਮਾ ਵਿੱਚ ਵੀ ਬਰਕਤ ਦੇਵੇਗਾ । ਪਰ ਆਪਣੀਆਂ ਇਬਾਦਤਾਂ ਨੂੰ ਕੇਵਲ ਜੁਮਏ ਤੱਕ ਹੀ ਸੀਮਤ ਨਹੀਂ ਰਖੱਣਾ ਸਗੋਂ ਹਰ ਸਮੇਂ ਤੁਹਾਨੂੰ ਰੱਬ ਚੇਤੇ ਰਹਿਣਾ ਚਾਹੀਦਾ ਹੈ । ਰੱਬ ਦੇ ਸਿਮਰਣ ਵੱਲ ਧਿਆਨ ਰੱਖੋ ਤਾਂ ਫਿਰ ਤੁਹਾਨੂੰ ਪਹਿਲਾਂ ਨਾਲੋਂ ਵਧੱਕੇ ਸਫ਼ਲਤਾਵਾਂ ਮਿਲਣਗੀਆਂ ਦੀਨੀ (ਧਾਰਮਕ) ਵੀ ਤੇ ਸੰਸਾਰਕ ਵੀ । ਰੱਬ ਦਾ ਸਿਮਰਣ ਕਰਨ ਵਾਲੇ ਜੱਦ ਰੱਬ ਨੂੰ ਚੇਤੇ ਰਖੱਦੇ ਹਨ ਤਾਂ ਇਸ ਗੱਲ ਨੂੰ ਵੀ ਚੇਤੇ ਰਖੱਦੇ ਹਨ ਕਿ ਜੁਮਏ ਦੀ ਨਮਾਜ਼ ਦੇ ਬਾਦ ਅਸੀਂ ਅਸਰ ਦੀ ਨਮਾਜ਼ ਵੀ ਪੜ੍ਹਨੀ ਹੈ ਕਿਉਂਕਿ ਇਹ ਫ਼ਰਜ਼ ਵਿੱਚ ਸ਼ਾਮਲ ਹੈ । ਮਗ਼ਰਿਬ ਦੀ ਨਮਾਜ਼ ਵੀ ਪੜ੍ਹਨੀ ਹੈ, ਇਸ਼ਾਅ ਦੀ ਨਮਾਜ਼ ਵੀ ਪੜ੍ਹਨੀ ਹੈ, ਕਿ ਇਹ ਨਮਾਜ਼ਾਂ ਫ਼ਰਜ਼ ਵਿੱਚ ਸ਼ਾਮਲ ਹਨ ਅਤੇ ਸੰਸਾਰਕ ਕਾਰੋਬਾਰ ਹੋਣ ਜਾਂ ਹੋਰਨਾ ਨੇਮਤਾਂ ਇਹ ਰੱਬ ਦੀ ਮਿਹਰ ਨਾਲ ਹੀ ਮਿਲਦੀਆਂ ਹਨ । ਸੋ, ਸਫ਼ਲਤਾ ਰੱਬ ਦੇ ਸਿਮਰਣ ਅਤੇ ਉਸ ਦੀ ਇਬਾਦਤ ਨਾਲ ਹੀ ਸਲੰਗਤ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਕ ਥਾਂ ਜੁਮਏ ਦੀ ਮਹਤੱਾ ਦਸੱਦਿਆਂ ਹੋਇਆ ਫ਼ਰਮਾਉਂਦੇ ਹਨ ਕਿ :

ਜੁਮਏ ਦਾ ਦਿਨ ਤਾਂ ਈਦ ਦਾ ਦਿਨ ਹੈ ਅਤੇ ਇਹ ਈਦ ਦੂਜੀਆਂ ਈਦਾਂ ਨਾਲੋਂ ਉਤੱਮ ਹੈ ਅਤੇ ਇਸ ਈਦ ਲਈ ਸੂਰਤ ਜੁਮਆ ਵਿਸ਼ੇਸ਼ ਰੂਪ ਵਿੱਚ ਨਾਜ਼ਲ ਹੋਈ ਹੈ । ਫਿਰ ਆਪ ਨੇ ਜੁਮਏ ਦੀ ਮਹਤੱਾ ਬਿਆਨ ਕਰਦਿਆਂ ਹੋਇਆਂ ਹਜ਼ਰਤ ਉਮਰ ਰਜ਼ੀ ਅਲੱਾਹ ਅਨਹੁ ਅਤੇ ਇਕ ਹਯਹੂਦੀ ਦੀ ਵਾਰਤਾਲਾਪ ਦੱਸੀ ਕਿ ਜੱਦ ਇਹ ਆਇਤ 'ਅਲਯੌਮਾ ਅਕਮਲਤੁ ਲਕੁਮ ਦੀਨੁਕੁਮ' ( اَلْيَوْمَ اَكْمَلْتُ لَكُمْ دِيْنَكُمْ) ਉਤਰੀ ਤਾਂ ਇਕ ਯਹੂਦੀ ਨੇ ਕਿਹਾ ਕਿ

ਜੇਕਰ ਇਹ ਆਇਤ ਸਾਡੇ ਉਪੱਰ ਉਤਰਦੀ ਤਾਂ ਅਸੀਂ ਇਸ ਦਿਨ ਈਦ ਕਰਦੇ ਤਾਂ ਹਜ਼ਰਤ ਉਮਰ ਰਜ਼ੀ ਅਲੱਾਹ ਅਨਹੁ ਨੇ ਉਤੱਰ ਦਿਤੱਾ ਕਿ ਜੁਮਆ ਈਦ ਹੀ ਹੈ ਕਿਉਂਕਿ ਇਹ ਆਇਤ ਜੁਮਏ ਦੇ ਦਿਨ ਉਤਰੀ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਪਰ ਬਹੁਤ ਲੋਕ ਇਸ ਈਦ ਤੋਂ ਬੇ ਖ਼ਬਰ ਹਨ ਜਿਸ ਵਿੱਚ ਦੀਨ (ਧਰਮ) ਦੇ ਸੰਪੂਰਨ ਹੋਣ ਦੀ ਖ਼ਬਰ ਦਿੱਤੀ ਗਈ ਹੈ ਅਤੇ ਰੱਬ ਨੇ ਆਪਣੀਆਂ ਨੇਮਤਾਂ ਨੂੰ ਸੰਪੂਰਨ ਕਰਨ ਦੀ ਖ਼ੁਸ਼ਖ਼ਬਰੀ ਦਿੱਤੀ ਹੈ । ਇਸ ਦਿਨ ਨੂੰ ਐਨ੍ਹੀ ਮਹਤੱਾ ਨਹੀਂ ਦਿੱਤੀ ਜਾਂਦੀ ਅਤੇ ਸਮਝਦੇ ਹਨ ਕਿ ਰਮਜ਼ਾਨ ਦੇ ਅਖ਼ੀਰਲੇ ਜੁਮਏ ਵਿੱਚ ਵਿਸ਼ੇਸ਼ ਤਵਜੁੱਹ ਨਾਲ ਹਾਜ਼ਰ ਹੋਕੇ ਅਸੀਂ ਸਾਰਿਆਂ ਜੁਮਿਆਂ ਦਾ ਪੁੰਨ ਲੈ ਲਵਾਂਗੇ । ਸੋ, ਬਹੁਤ ਚਿੰਤਾ ਨਾਲ ਸਾਨੂੰ ਆਪਣੇ ਜੁਮਿਆਂ ਦੀ ਸੁਰੱਖਿਆ ਕਰਨੀ ਚਾਹੀਦੀ ਹੈ । ਜਿਸ ਪ੍ਰਕਾਰ ਰਮਜ਼ਾਨ ਦੇ ਅਖ਼ੀਰਲੇ ਜੁਮਏ ਨੂੰ ਮਹਤੱਾ ਦਿੱਤੀ ਜਾਂਦੀ ਹੈ ਉਸੇ ਪ੍ਰਕਾਰ ਸਾਰਾ ਸਾਲ ਜੁਮਿਆਂ ਨੂੰ ਮਹਤੱਾ ਦੇਣ ਦੀ ਲੋੜ ਹੈ । ਪਰ ਬਹੁਤੇ ਇਸ ਵੱਲ ਧਿਆਨ ਨਹੀਂ ਦਿੰਦੇ ਅਤੇ ਸੰਸਾਰਕ ਕਾਰੋਬਾਰਾਂ ਅਤੇ ਸੰਸਾਰਕ ਰੁਚੀਆਂ ਵਿੱਚ ਆਪਣੇ ਜੁਮਏ ਨਸ਼ਟ ਕਰ ਦਿੰਦੇ ਹਨ । ਅਲੱਾਹ ਤਆਲਾ ਫ਼ਰਮਾਉਂਦਾ ਹੈ ਕਿ ਜੋ ਰੱਬ ਕੋਲ ਹੈ ਉਹ ਇਹਨਾ ਸੰਸਾਰਕ ਚੀਜ਼ਾ, ਧੰਨ ਦੌਲਤ ਅਤੇ ਰੁਚੀਆਂ ਤੋਂ ਬਹੁਤ ਬਿਹਤਰ ਹੈ ਅਤੇ ਰੱਬ ਹੀ ਹੈ ਜੋ ਤੁਹਾਨੂੰ ਰਿਜ਼ਕ ਦਿੰਦਾ ਹੈ । ਸੋ, ਇਹ ਬਹੁਤ ਮਹਤੱਵਪੂਰਨ ਤੇ ਹਰ ਮੋਮਿਨ ਲਈ ਧਿਆਨ ਦੇਣ ਯੋਗ ਹੈ ਅਤੇ ਵਿਸ਼ੇਸ਼ ਰੂਪ ਵਿੱਚ ਅਸੀਂ ਜੋ ਇਸ ਜ਼ਮਾਨੇ ਦੇ ਇਮਾਮ ਨੂੰ ਮੰਨਦੇ ਹਾਂ ਸਾਨੂੰ ਇਸ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਕ ਥਾਂ ਫ਼ਰਮਾਉਦੇ ਹਨ, ਸੱਚੀ ਗੱਲ ਇਹੋ ਹੈ ਕਿ ਤੁਸੀਂ ਇਸ ਸੋਮੇ ਦੇ ਨੇੜੇ ਆਣ ਪਹੁੰਚੇ ਹੋ ਜੋ ਇਸ ਸਮੇਂ ਰੱਬ ਦੇ ਸਦੈਵੀ ਜੀਵਨ ਲਈ ਪੈਦਾ ਕੀਤਾ ਹੈ । ਹਾਂ ਪਾਣੀ ਪੀਣਾ ਅਜੇ ਬਾਕੀ ਹੈ । ਸੋ, ਰੱਬ ਦੀਆਂ ਮਿਹਰਾਂ ਨਾਲ ਤੌਫ਼ੀਕ ਮੰਗੋ ਕਿ ਉਹ ਤੁਹਾਨੂੰ ਉਹ ਪਾਣੀ ਪਿਆਏ, ਕਿਉਂਕਿ ਰੱਬ ਤੋਂ ਬਿਨਾ ਕੁਝ ਨਹੀਂ ਹੋ ਸਕਦਾ । ਮੈਂ ਨਿਸ਼ਚੇ ਰੂਪ ਵਿੱਚ ਜਾਣਦਾ ਹਾਂ ਕਿ ਜੋ ਇਸ ਸੋਮੇ ਤੋਂ ਪੀਏਗਾ ਉਹ ਹਲਾਕ ਨਹੀਂ ਹੋਵੇਗਾ । ਇਸ ਸੋਮੇਂ ਤੋਂ ਰਜੱਣ ਦਾ ਕੀ ਢੰਗ ਹੈ ? ਇਹੋ ਕਿ ਰੱਬ ਨੇ ਜੋ ਦੋ ਹੱਕ ਤੁਹਾਡੇ ਉਪੱਰ ਲਾਏ ਹਨ ਉਹਨਾ ਨੂੰ ਬਹਾਲ ਰੱਖੋ ਅਤੇ ਪੂਰੀ ਲਗਨ ਨਾਲ ਪੂਰਾ ਕਰੋ । ਇਹਨਾਂ ਵਿੱਚੋਂ ਇਕ ਰੱਬ ਦਾ ਹੱਕ ਹੈ ਅਤੇ ਦੂਜਾ ਹੱਕ ਮਖ਼ਲੂਕ ਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਰੱਬ ਦਾ ਹੱਕ ਪੂਰਾ ਕਰਨ ਲਈ, ਰੱਬ ਦੀ ਰਜ਼ਾ ਹਾਸਲ ਕਰਨਾ ਜ਼ਰੂਰੀ ਹੈ, ਇਸ ਗੱਲ ਨੂੰ ਸਾਹਮਣੇ ਰਖੱਣਾ ਜ਼ਰੂਰੀ ਹੈ ਕਿ ਅਸੀਂ ਰੱਬ ਦੀ ਇਬਾਦਤ ਦੇ ਹੱਕ ਪੂਰੇ ਕਰ ਦਿੱਤੇ ਹਨ । ਰੱਬ ਫ਼ਰਮਾਉਂਦਾ ਹੈ :

وَمَا خَلَقْتُ الْجِنَّ وَالْإِنْسَ إِلَّا لِيَعْبُدُوْنِ۔

ਅਰਥਾਤ ਮੈਂ ਜਿਨ ਤੇ ਇਨਸਾਨਾ ਨੂੰ ਕੇਵਲ ਆਪਣੀ ਇਬਾਦਤ ਲਈ ਪੈਦਾ ਕੀਤਾ ਹੈ । ਇਹ ਇਕ ਪਕੱਾ ਅਮਲ ਹੈ ਜੋ ਤੁਸੀਂ ਆਪਣੀ ਹੋਸ਼ ਵਿੱਚ ਆਉਣ ਤੋਂ ਲੈਕੇ ਇਸ ਸੰਸਾਰ ਵਿੱਚੋਂ ਕੂਚ ਕਰਨ ਤੱਕ ਪੂਰਾ ਕਰਨਾ ਹੈ । ਸੋ, ਸਾਲ ਦੇ ਇਕ ਜੁਮਏ ਨੂੰ ਬਹੁਤ ਨ ਸਮਝੋ ਸਗੋਂ ਹਰ ਜੁਮਆ ਹੀ ਮਹਤੱਵਪੂਰਨ ਹੈ ।

ਇਕ ਮੌਕੇ ਆਂਹਜ਼ਰਤ ਸਲਲੱਾਹੁ ਆਲੈਹਿ ਵਸਲਮ ਨੇ ਜੁਮਏ ਦੀ ਮਹਤੱਾ ਉਪੱਰ ਧਿਆਨ ਦੁਆਉਦਿਆਂ ਹੋਇਆਂ ਫ਼ਰਮਾਇਆ ਕਿ ਹਰ ਉਹ ਵਿਅਕਤੀ ਜੋ ਰੱਬ ਅਤੇ ਯੌਮਿ ਆਖ਼ਰਤ ਉਪੱਰ ਇਮਾਨ ਰਖੱਦਾ ਹੈ, ਉਸ'ਤੇ ਜੁਮਏ ਦੇ ਦਿਨ ਜੁਮਆ ਪੜ੍ਹਨਾ ਫ਼ਰਜ਼ ਕੀਤਾ ਗਿਆ ਹੈ ਸਿਵਾਏ ਰੋਗੀ ਦੇ, ਮੁਸਾਫ਼ਰ ਦੇ, ਇਸਤਰੀ ਦੇ, ਬੱਚੇ ਦੇ ਅਤੇ ਗ਼ੁਲਾਮ ਦੇ । ਫਿਰ ਫ਼ਰਮਾਇਆ ਕਿ ਜਿਸਨੇ ਵਿਅਰਥ ਗਲੱਾਂ, ਖੇਡਾਂ ਅਤੇ ਵਪਾਰ ਕਰਕੇ ਜੁਮਏ ਦੀ ਲਾਪਰਵਾਹੀ ਵਰਤੀ, ਰੱਬ ਵੀ ਉਸ ਨਾਲ ਬੇਪਰਵਾਹੀ ਦਾ ਸੁਲੂਕ ਕਰੇਗਾ, ਨਿਸ਼ਚੇ ਹੀ ਰੱਬ ਬੇ ਨਿਆਜ਼ ਤੇ ਪ੍ਰਸ਼ੰਸਾ ਯੋਗ ਹੈ ।

ਫਿਰ ਆਪਨੇ ਇਹ ਫ਼ਰਮਾਇਆ ਕਿ ਜੁਮਏ ਦੇ ਦਿਨ ਨੇਕੀਆਂ ਦਾ ਪ੍ਰਤੀਫਲ ਕਈ ਗੁਣਾ ਵੱਧ ਜਾਂਦਾ ਹੈ । ਅਕਾਰਣ ਹੀ ਜੁਮਏ ਦੀ ਨਮਾਜ਼ ਛਡੱਣ ਬਾਰੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦਾ ਇਹ ਤਾੜਨਾ ਭਰਿਆ ਫ਼ਰਮਾਨ ਵੀ ਹੈ ਕਿ ਜਿਸ ਕਿਸੇ ਨੇ ਅਕਾਰਣ ਹੀ ਜੁਮਆ ਛੱਡਿਆ ਉਹ ਅਮਾਲ ਨਾਮੇ (ਕਰਨੀ ਦੇ ਖਾਤੇ) ਵਿੱਚ ਮੁਨਾਫ਼ਕ ਲਿੱਖਿਆ ਜਾਏਗਾ । ਫਿਰ ਫ਼ਰਮਾਇਆ ਜੋ ਸੁਸਤੀ ਕਰਦਿਆਂ ਹੋਇਆਂ ਤਿੰਨ ਜੁਮਏ ਨਿਰੰਤਰ ਛੱਡੇਗਾ, ਰੱਬ ਉਸ ਦੇ ਹਿਰਦੇ ਉਪੱਰ ਮੁਹਰ ਲਾ ਦਿੰਦਾ ਹੈ । ਸੋ, ਬਹੁਤ ਖ਼ੌਫ਼ ਦਾ ਅਸਥਾਨ ਹੈ ਕਿਉਂਕਿ ਜੱਦ ਮੁਹਰ ਲੱਗ ਜਾਏ ਤਾਂ ਫਿਰ ਨੇਕੀਆਂ ਦੀ ਤੌਫ਼ੀਕ ਵੀ ਘੱਟ ਜਾਂਦੀ ਹੈ । ਇਕ ਮੌਕੇ ਆਪ ਨੇ ਫ਼ਰਮਾਇਆ ਕਿ ਜੁਮਆ ਪੜ੍ਹਨ ਆਇਆ ਕਰੋ । ਇਕ ਵਿਅਕਤੀ ਜੁਮਏ ਤੋਂ ਪਿੱਛੇ ਰਹਿੰਦਿਆਂ ਰਹਿੰਦਿਆਂ ਸਵਰਗ ਤੋਂ ਵੀ ਪਿੱਛੇ ਰਹਿ ਜਾਂਦਾ ਹੈ ਜੱਦ ਕਿ ਉਹ ਸਵਰਗਾਂ ਦੇ ਯੋਗ ਹੁੰਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ: ਸੋ, ਅਨੇਕਾਂ ਹੀ ਮੌਕਿਆਂ ਉਪੱਰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਜੁਮਏ ਵਿੱਚ ਸ਼ਾਮਲ ਹੋਣ ਦੀ ਤਲਕੀਨ ਕੀਤੀ, ਸਗੋਂ ਅਕਾਰਣ ਸ਼ਾਮਲ ਨ ਹੋਣ ਵਾਲਿਆਂ ਨੂੰ ਤਾੜਨਾ ਵੀ ਕੀਤੀ । ਕਿਤੇ ਇਕ ਮੌਕੇ ਵੀ ਇਹ ਨਹੀਂ ਫ਼ਰਮਾਇਆ ਕਿ ਰਮਜ਼ਾਨ ਦਾ ਅਖ਼ੀਰਲਾ ਜੁਮਆ ਪੜ੍ਹ ਲਓ ਤੁਸੀਂ ਬਖ਼ਸ਼ੇ ਜਾਓਗੇ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਇਕ ਮੋਮਿਨ ਦੀ ਇਹ ਨਿਸ਼ਾਨੀ ਦੱਸੀ ਹੈ ਕਿ ਉਹ ਇਕ ਨਮਾਜ਼ ਤੋਂ ਦੂਜੀ ਨਮਾਜ਼ ਦੀ ਚਿੰਤਾ ਤੇ ਉਡੀਕ ਵਿੱਚ ਰਹਿੰਦਾ ਹੈ ਅਤੇ ਇਕ ਜੁਮਏ ਤੋਂ ਦੂਜੇ ਜੁਮਏ ਦੀ ਫ਼ਿਕਰ ਤੇ ਉਡੀਕ ਕਰਦਾ ਹੈ ਅਤੇ ਇਕ ਰਮਜ਼ਾਨ ਤੋਂ ਦੂਜੇ ਰਮਜ਼ਾਨ ਦੀ ਫ਼ਿਕਰ ਤੇ ਉਡੀਕ ਕਰਦਾ ਹੈ, ਨ ਕਿ ਸੰਸਾਰਕ ਇਛੱਾਵਾਂ ਅਤੇ ਕੰਮਾ ਲਈ ਆਪਣੇ ਜੁਮਇਆਂ ਤੇ ਨਮਾਜ਼ਾਂ ਨੂੰ ਨਸ਼ਟ ਕਰ ਦੇਵੇ, ਸੋ, ਸਾਨੂੰ ਆਪਣੀਆਂ ਇਬਾਦਤਾਂ ਦੀ ਚਿੰਤਾ ਕਰਨ ਦੀ ਲੋੜ ਹੈ। ਆਪਣੀ ਪਹਿਲ ਨੂੰ ਸਹੀ ਮਾਰਗ ਉਪੱਰ ਲਾਉਣ ਦੀ ਲੋੜ ਹੈ ਰੱਬ ਨੂੰ ਹਾਸਲ ਕਰਨ ਲਈ ਇਕ ਜਤਨ ਦੀ ਲੋੜ ਹੈ। ਪਰ ਜੇਕਰ ਅਸੀਂ ਗ਼ੌਰ ਕਰੀਏ ਤਾਂ ਅਸੀਂ ਦੇਖਾਂਗੇ ਰੱਬ ਦੇ ਅਸਲ ਅਸਥਾਨ ਅਤੇ ਉਸਦੀ ਸਹੀਂ ਕਦਰ ਕੀਮਤ ਦੀ ਸਹੀ ਪਛਾਣ ਅਸੀਂ ਨਹੀਂ ਰਖੱਦੇ । ਸਾਡੀਆਂ ਦੁਆਵਾਂ ਵਿੱਚ ਇੱਕ ਪੱਕਿਆਈ ਹੋਵੇ । ਸਾਡੇ ਦਿਲ ਕੇਵਲ ਜੁਮਿਆਂ ਲਈ ਨਹੀਂ ਸਗੋਂ ਪੰਜਾ ਵੇਲਿਆਂ ਦੀਆਂ ਨਮਾਜ਼ਾਂ ਲਈ ਮਸਜਿਦ ਵਿੱਚ ਅਟਕੇ ਰਹਿਣ ਜਿਵੇਂ ਕਿ ਮੈਂ ਕਿਹਾ ਸਾਨੂੰ ਹੀਕੀਕਤ ਵਿੱਚ ਉਸਦੀ ਜਾਣਕਾਰੀ ਨਹੀਂ ਹੈ । ਅਸੀਂ ਆਰਜ਼ੀ ਤੇ ਫ਼ੌਰੀ ਲੋੜਾਂ ਨੂੰ ਬਹੁਤੀ ਮਹਤੱਾਂ ਦਿੰਦੇ ਹਾਂ । ਜੱਦ ਅਸੀਂ ਰੱਬ ਨੂੰ ਭੁਲਾ ਦਿਆਂਗੇ ਅਤੇ ਉਸਦੇ ਆਦੇਸ਼ਾਂ ਨੂੰ ਸੰਸਾਰਕ ਇਛੱਾਵਾਂ ਦੇ ਪਿੱਛੇ ਕਰ ਦਿਆਂਗੇ ਤਾਂ ਫ਼ਿਰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਹੈ ਕਿ ਰੱਬ ਅਜਿਹੇ ਲਾਪਰਵਾਹਾਂ ਨਾਲ ਵੀ ਲਾਪਰਵਾਹੀ ਵਰਤੇਗਾ ਅਤੇ ਸਵਰਗ ਦਾ ਭਾਗੀ ਹੁੰਦਿਆਂ ਹੋਇਆਂ ਵੀ ਲਾਪਰਵਾਹੀ ਕਰਕੇ ਅਜਿਹਾ ਮਨੁੱਖ ਸਵਰਗ ਤੋਂ ਮਹਿਰੂਮ ਹੋ ਜਾਏਗਾ । ਸੋ, ਇਕ ਮੋਮਿਨ ਦਾ ਕੰਮ ਹੈ ਇਹ ਗੱਲ ਹਮੇਸ਼ਾ ਸਾਹਮਣੇ ਰੱਖੇ ਕਿ ਮੇਰੇ ਕਾਰੋਬਾਰ ਵੀ, ਮੇਰੇ ਕੰਮ ਵੀ ਰੱਬ ਦੀ ਮਿਹਰ ਨਾਲ ਹੀ ਬਰਕਤਾਂ ਭਰਪੂਰ ਹੋ ਸਕਦੇ ਹਨ ਅਤੇ ਜੱਦ ਰੱਬ ਦੀ ਮਿਹਰ ਨਾਲ ਹੀ ਬਰਕਤ ਹੈ ਤਾਂ ਫਿਰ ਮੈਂ ਪਹਿਲਾਂ ਰੱਬ ਦੇ ਹੱਕ ਪੂਰੇ ਕਰਨ ਦਾ ਜਤਨ ਕਿਉਂ ਨ ਕਰਾਂ । ਇਸ ਉਸੂਲ ਨੂੰ ਸਮਝਣ ਦੀ ਹਰ ਇਕ ਨੂੰ ਜ਼ਰੂਰਤ ਹੈ । ਜੇਕਰ ਅਸੀਂ ਇਹ ਸਮਝ ਜਾਵਾਂਗੇ ਤਾਂ ਸਾਡੀਆਂ ਮਸਜਿਦਾਂ ਰਮਜ਼ਾਨ ਤੋਂ ਬਿਨਾ ਪ੍ਰਤੀਦਿਨ ਪੰਜੇ ਨਮਾਜ਼ਾਂ ਵੇਲੇ ਵੀ ਅਬਾਦ ਰਹਿਣਗੀਆਂ ਅਤੇ ਜੁਮਿਆਂ ਵਿੱਚ ਵੀ ਭਰੀਆਂ ਰਹਿਣਗੀਆਂ ਸਗੋਂ ਛੋਟੀਆਂ ਪੈ ਜਾਣਗੀਆਂ । ਇਹੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਪ੍ਰਕਟ ਹੋਣ ਦਾ ਉਦੇਸ਼ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਸਾਨੂੰ ਦੱਸਿਆ ਹੈ ਕਿ ਜੇਕਰ ਸਾਡਾ ਅੱਜ ਸਾਡੇ ਬੀਤੇ ਕੱਲ ਨਾਲੋਂ ਬਿਹਤਰ ਨਹੀਂ ਤਾਂ ਅਸੀਂ ਹਕੀਕੀ ਮੋਮਿਨ ਨਹੀਂ । ਸੋ, ਜੁਮਏ ਨੂੰ 'ਵਿਦਾਅ' ਆਖਣ ਲਈ ਅਸੀਂ ਅੱਜ ਇਕੱਠੇ ਨਹੀਂ ਹੋਏ, ਸਗੋਂ ਆਪਣੀਆਂ ਨੇਕੀਆਂ ਵਿੱਚ, ਆਪਣੀਆਂ

ਇਬਾਦਤਾਂ ਵਿੱਚ ਅਤੇ ਆਪਣੇ ਰੱਬ ਨਾਲ ਪ੍ਰੇਮ ਵਿੱਚ ਵਧੱਦਿਆਂ ਹੋਇਆਂ ਕਦਮ ਮਜ਼ਬੂਤ ਕਰਨ ਅਤੇ ਇਸ ਲਈ ਦੁਆ ਕਰਨ ਲਈ ਅਸੀਂ ਅੱਜ ਇੱਥੇ ਇਕੱਠੇ ਹੋਏ ਹਾਂ ਅਤੇ ਸਾਨੂੰ ਅੱਜ ਇਹ ਪ੍ਰਣ ਕਰਨਾ ਚਾਹੀਦਾ ਹੈ ਕਿ ਅਸੀਂ ਹੁਣ ਭਵਿੱਖ ਵਿੱਚ ਰੱਬ ਨਾਲ ਆਪਣੇ ਸੰਬੰਧ ਹੋਰ ਵਧਾਉਂਣੇ ਹਨ, ਇੰਸ਼ਾਅਲੱਾਹ । ਇਹ ਪ੍ਰਣ ਤੇ ਦੁਆ ਫਿਰ ਹੀ ਹੋ ਸਕਦੀ ਹੈ ਜੱਦ ਰੱਬ ਦੀ ਨੇੜਤਾ ਦੀ ਮਹਤੱਾ ਦਾ ਅਹਿਸਾਸ ਹੋਵੇ, ਜੱਦ ਰੱਬ ਨੂੰ ਵਾਸਤਵ ਵਿੱਚ ਸਾਰੀਆਂ ਸ਼ਕਤੀਆਂ ਦਾ ਮਾਲਕ, ਸੋਮਾ ਅਤੇ ਸਾਰਿਆਂ ਕੰਮਾ ਦੇ ਚੰਗੇ ਅੰਜਾਮ ਤੱਕ ਪਹੁੰਚਾਉਣ ਦਾ ਸਾਧਨ ਸਮਝਿਆ ਜਾਏ ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਚੀਜ਼ਾਂ ਦੀ ਕਦਰ ਉਸ ਦੀ ਲੋੜ ਤੇ ਜਾਣਕਾਰੀ ਅਨੁਸਾਰ ਹੁੰਦੀ ਹੈ । ਕਈ ਲੋਕ ਆਪਣੇ ਵਿਚਾਰ ਤੇ ਲੋੜ ਅਨੁਸਾਰ ਮਹਤੱਾ ਨੂੰ ਦੇਖਦੇ ਹਨ । ਛੋਟੀਆਂ ਚੀਜ਼ਾਂ ਦੀ ਭਾਲ ਵਿੱਚ ਨਿਕਲਦੇ ਹਨ ਅਤੇ ਅਤਿਅੰਤ ਮਹਤੱਵਪੂਰਨ ਗਲੱਾਂ ਤੇ ਚੀਜ਼ਾਂ ਨੂੰ ਨਜ਼ਰ ਅੰਦਾਜ਼ ਕਰ ਦਿੰਦੇ ਹਨ । ਦੁਨੀਆ ਦੇ ਬਹੁਤੇ ਲੋਕ ਹਨ ਜੋ ਇਸ ਪ੍ਰਕਾਰ ਦੀਆਂ ਹਰਕਤਾਂ ਕਰਦੇ ਹਨ ਅਤੇ ਸਹੀ ਜਾਣਕਾਰੀ ਨ ਹੋਣ ਕਰਕੇ ਜਾਂ ਅਗਿਆਨਤਾ ਕਰਕੇ ਮਹਤੱਵਪੂਰਨ ਚੀਜ਼ਾਂ ਨੂੰ ਪਿੱਛੇ ਕਰ ਦਿੰਦੇ ਹਨ ਅਤੇ ਘੱਟ ਮਹਤੱਾ ਵਾਲੀਆਂ ਚੀਜ਼ਾਂ ਨੂੰ ਮਨੁੱਖ ਆਪਣੇ ਲਈ ਬਹੁਤ ਮਹਤੱਵਪੂਰਨ ਸਮਝਦਾ ਹੈ । ਮੇਰੇ ਕੋਲੋਂ ਲੋਕ ਪੁਛੱਦੇ ਹਨ ਕਿ ਅਸੀਂ ਦੁਆ ਕਰਦੇ ਹਾਂ ਅਤੇ ਬੜੀ ਤੜਪ ਨਾਲ ਦੁਆ ਕਰਦੇ ਹਾਂ, ਪਰ ਕੁਬੂਲ ਨਹੀਂ ਹੁੰਦੀ । ਉਹਨਾ ਨੂੰ ਉਤੱਰ ਦਿੰਦਾ ਰਹਿੰਦਾ ਹਾਂ ਅਤੇ ਇਸ ਆਇਤ ਅਨੁਸਾਰ ਉਤੱਰ ਦਿੰਦਾ ਹਾਂ, ਜਿਸਦੀ ਵਿਆਖਿਆ ਮੈਂ ਆਪਣੇ ਰਮਜ਼ਾਨ ਦੇ ਪਹਿਲੇ ਖ਼ੁਤਬੇ ਵਿੱਚ ਕੀਤੀ ਸੀ, ਜਿੱਥੇ ਰੱਬ ਫ਼ਰਮਾਉਂਦਾ ਹੈ ਕਿ ਮੈਂ ਆਪਣੇ ਬੰਦਿਆਂ ਦੇ ਨੇੜੇ ਹਾਂ ਅਤੇ ਉਹਨਾਂ ਦੀਆਂ ਦੁਆਵਾਂ ਸੁਣਦਾ ਹਾਂ । ਅਲੱਾਹ ਤਆਲਾ ਫ਼ਰਮਾਉਂਦਾ ਹੈ ਕਿ :

أُجِيبُ دَعْوَةَ الدَّاعِ إِذَا دَعَانِ فَلْيَسْتَجِيبُوا لِي وَلْيُؤْمِنُوا بِي لَعَلَّهُمْ يَرْشُدُونَ

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਨੇ ਇਸ ਆਇਤ ਦੀ ਵਿਆਖਿਆ ਕੀਤੀ ਹੈ ਕਿ ਇੱਥੇ 'ਦਾਅਵਾਤਦੱਾਇ' ਵਿੱਚ ਹਰ ਪੁਕਾਰਨ ਵਾਲਾ ਮੁਰਾਦ ਨਹੀਂ ਹੈ ਸਗੋਂ ਉਹ ਵਿਸ਼ੇਸ਼ ਰੂਪ ਵਿੱਚ ਪੁਕਾਰਨ ਵਾਲੇ ਮੁਰਾਦ ਹਨ ਜੋ ਦਿਨ ਨੂੰ ਰੱਬ ਖ਼ਾਤਰ ਰੋਜ਼ੇ ਰਖੱਦੇ ਹਨ, ਫ਼ਰਜ਼ ਨਮਾਜ਼ਾਂ ਅਦਾ ਕਰਦੇ ਹਨ, ਜ਼ਿਕਰੇ ਇਲਾਹੀ ਕਰਦੇ ਹਨ, ਆਪਣੀਆਂ ਨਮਾਜ਼ਾਂ ਤੇ ਜੁਮਿਆਂ ਦੀ ਸੁਰੱਖਿਆ ਕਰਦੇ ਹਨ ਅਤੇ ਰਾਤਾਂ ਨੂੰ ਬੇਚੈਨੀ ਤੇ ਚਿੰਤਾ ਨਾਲ ਪੁਕਾਰਦੇ ਹਨ । ਬੇਸ਼ਕ 'ਅਦੱਾਇ' ਦੇ ਅਰਥ ਪੁਕਾਰਣ ਵਾਲੇ ਵੀ ਹੋ ਸਕਦੇ ਹਨ, ਪਰ ਕਿਉਂਕਿ ਇੱਥੇ ਰਮਜ਼ਾਨ ਦੇ ਹਵਾਲੇ ਨਾਲ ਗੱਲ ਹੋ ਰਹੀ ਹੈ ਇਸ ਲਈ ਇੱਥੇ ਉਹਨਾਂ ਲੋਕਾਂ ਤੋਂ ਭਾਵ ਹੈ ਕਿ ਜੋ ਆਪਣੀਆਂ ਇਬਾਦਤਾਂ ਨੂੰ ਵਿਸ਼ੇਸ਼ ਰੱਬ ਖ਼ਾਤਰ ਕਰਦੇ ਹਨ । ਫਿਰ ਆਪਣੀਆਂ ਇਬਾਦਤਾਂ ਨੂੰ ਰਮਜ਼ਾਨ ਤੱਕ ਸੀਮਤ ਨਹੀਂ ਰਖੱਦੇ ਸਗੋਂ ਉਹਨਾ ਦੀਆਂ ਇਬਾਦਤਾਂ ਸਾਰੇ ਸਾਲ ਉਪੱਰ ਫੈਲ ਜਾਂਦੀਆਂ ਹਨ । ਇਹ ਲੋਕ ਸੰਸਾਰਕ ਇਛੱਾਵਾਂ ਲਈ ਦੁਆ ਨਹੀਂ ਕਰਦੇ ਸਗੋਂ ਰੱਬ ਨੂੰ ਹੀ ਮੰਗਣ ਦੀਆਂ ਦੁਆਵਾਂ ਕਰਦੇ ਹਨ । ਰੱਬ ਫ਼ਰਮਾਉਂਦਾ ਹੈ ਕਿ ਸਭ ਕੁਝ ਭੁਲੱਕੇ ਕੇਵਲ ਮੇਰੀ ਨੇੜਤਾ ਦੀ ਪ੍ਰਾਪਤੀ ਲਈ ਦੁਆ ਕਰਦੇ ਹਨ ਤਾਂ ਮੈਂ ਉਹਨਾਂ ਦੀਆਂ ਦੁਆਵਾਂ ਜ਼ਰੂਰ ਸੁਣਦਾ ਹਾਂ । ਅਲੱਾਹ ਤਆਲਾ ਫ਼ਰਮਾਉਂਦਾ ਹੈ ਕਿ ਉਹ ਮੈਂਨੂੰ ਮਿਲਣ ਲਈ ਬੇਚੈਨ ਹਨ, ਮੈਂ ਉਹਨਾਂ ਨੂੰ ਜ਼ਰੂਰ ਮਿਲਦਾ ਹਾਂ । ਕਈ ਲੋਕ ਲਿਖੱਦੇ ਹਨ ਕਿ ਅਸੀਂ ਇਸੇ ਪ੍ਰਕਾਰ ਬੇਚੈਨੀ ਦੀ ਤੜਪ ਨਾਲ ਦੁਆਵਾਂ ਕੀਤੀਆਂ, ਰੱਬ ਨੇ ਨਹੀਂ ਸੁਣੀਆਂ । ਰੱਬ ਨੇ ਤਾਂ ਇਹ ਨਹੀਂ ਕਿਹਾ ਕਿ ਮੈਂ ਤੁਹਾਡੀਆਂ ਸਾਰੀਆਂ ਸੰਸਾਰਕ ਇਛੱਾਵਾਂ ਪੂਰੀਆਂ ਕਰਾਂਗਾ ਅਤੇ ਦੁਆਵਾਂ ਸੁਣਾਗਾ । ਹਾਂ ਜੇਕਰ ਪਾਕ ਤਬਦੀਲੀਆਂ ਲਿਆਕੇ ਰੱਬ ਨੂੰ ਪਾਉਣ ਅਤੇ ਮਿਲਣ ਦੀ ਚਿੰਤਾ ਨਾਲ ਅਸੀਂ ਦੁਆਵਾਂ ਕਰਦੇ ਹਾਂ ਤਾਂ ਰੱਬ ਨੇ ਫ਼ਰਮਾਇਆ ਹੈ ਕਿ ਮੈਂ ਜ਼ਰੂਰ ਸੁਣਾਗਾ ਅਤੇ ਆਪਣੇ ਵਲੀ ਦਾ ਫਿਰ ਮਿਤੱਰ ਬਣਕੇ ਉਸ ਨਾਲ ਖੜਾ ਹੋ ਜਾਵਾਂਗਾ, ਉਸ ਦੀਆਂ ਇਛੱਾਵਾਂ ਨੂੰ ਪੂਰਾ ਕਰਾਂਗਾ, ਉਸਦੇ ਦੁਸ਼ਮਣਾ ਨਾਲ ਲੜਾਂਗਾ ।

ਸੋ, ਜੱਦ ਅਸੀਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਮੰਨਿਆ ਹੈ ਤਾਂ ਸਾਡੀ ਜ਼ਿਮੇਦਾਰੀ ਹੈ ਕਿ ਅਸੀਂ ਆਪਣੀਆਂ ਇਬਾਦਤਾਂ ਦੇ ਮਿਆਰ ਬੁਲੰਦ ਕਰੀਏ, ਜਿੰਨ੍ਹਾ ਮਿਆਰਾਂ ਤੱਕ ਇਸ ਰਮਜ਼ਾਨ ਵਿੱਚ ਪਹੁੰਚੇ ਹਾਂ ਜਾਂ ਪਹੁੰਚਣ ਦਾ ਜਤਨ ਕੀਤਾ ਹੈ, ਉਸ ਤੋਂ ਹੇਠਾਂ ਆਪਣੇ ਆਪਨੂੰ ਨ ਡਿਗੱਣ ਦੇਈਏ । ਆਪਣੀਆਂ ਨਮਾਜ਼ਾਂ ਦੇ ਮਿਆਰਾਂ ਨੂੰ ਵੀ ਹੋਰ ਉਚੱਾ ਚੁਕੱਦੇ ਚਲੇ ਜਾਓ, ਆਪਣੇ ਜੁਮਿਆਂ ਦੀ ਹਾਜ਼ਰੀ ਨੂੰ ਵੀ ਸਥਾਈ ਬਣਾਓ । ਰੱਬ ਦੇ ਆਦੇਸ਼ਾਂ ਨੂੰ ਮਨੰਣ ਵਾਲੇ ਹੋਣ ਅਤੇ ਵਿਸ਼ੇਸ਼ ਲੋਕਾਂ ਵਿੱਚ ਸ਼ਮਾਲ ਹੋਣ ਦਾ ਜਤਨ ਜਾਰੀ ਰਖੱਣ ਜੋ ਰੱਬ ਤੋਂ ਰੱਬ ਨੂੰ ਮੰਗਣ ਵਾਲੇ ਹੋਣ । ਅਰਥਾਤ ਇਸ ਦੁਆ ਦਾ ਜਤਨ ਹੋਵੇ ਕਿ ਸਾਨੂੰ ਰੱਬ ਮਿਲੇ । ਸਾਡੀਆਂ ਨਮਾਜ਼ਾਂ, ਸਾਡੀਆਂ ਇਬਾਦਤਾਂ ਰੱਬ ਦੀਆਂ ਭੇਂਟਾਂ ਹਾਸਲ ਕਰਨ ਵਾਲੀਆਂ ਹੋਣ । ਅਲੱਾਹ ਤਆਲਾ ਸਾਨੂੰ ਇਹਨਾ ਮਿਆਰਾਂ ਨੂੰ ਹਾਸਲ ਕਰਨ ਦੀ ਤੋਫ਼ੀਕ ਪ੍ਰਦਾਨ ਕਰਦਾ ਰਹੇ ।

★★★★ ਖ਼ੁਤਬਾ ਸਾਨੀਆ ★★★★

**Khulasa Khutba Jumma 31.05.2019**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131